ਅੱਠਵੀਂ ਸ਼੍ਰੇਣੀ

**2025-26**

ਜਿਉਮੈਟਰੀਕਲ ਡਰਾਇੰਗ ਅਤੇ ਚਿੱਤਰਕਲਾ

ਸਮਾਂ: 3 ਘੰਟੇ | ਲਿਖਤੀ: 80 ਅੰਕ
ਸੀ.ਸੀ.ਈ: 20 ਅੰਕ
ਕੁੱਲ:100 ਅੰਕ

ਨੋਟ:- ਇਸ ਪੇਪਰ ਵਿੱਚ ਕੁੱਲ 5 ਪ੍ਰਸ਼ਨ ਸੈੱਟ ਕੀਤੇ ਜਾਣਗੇ।

(ੳ) ਭਾਗ-1 ਜਿਉਮੈਟਰੀਕਲ ਡਰਾਇੰਗ ਦਾ ਹੋਵੇਗਾ ਅਤੇ ਇਸ ਦੇ 30 ਅੰਕ ਦਾ ਹੋਣਗੇ।

(ਅ) ਭਾਗ-2 ਵਸਤੂ ਚਿੱਤਰਣ ਦਾ ਹੋਵੇਗਾ ਅਤੇ ਜ਼ਰੂਰੀ ਹੋਵੇਗਾ। ਇਸ ਦੇ 30 ਅੰਕ ਹੋਣਗੇ।

(ੲ) ਦਿੱਤੇ ਚਾਰ ਭਾਗਾਂ ਵਿੱਚੋਂ ਤਿੰਨ ਪ੍ਰਸ਼ਨ ਸੈੱਟ ਕੀਤੇ ਜਾਣਗੇ ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਕਰਨਾ ਹੋਵੇਗਾ। ਇਸ ਪ੍ਰਸ਼ਨ ਦੇ 20 ਅੰਕ ਹੋਣਗੇ।

## ਭਾਗ-1 (ਡਰਾਇੰਗ)

ਜਿਉਮੈਟਰੀਕਲ ਡਰਾਇੰਗ ਅੰਕ:30

(ੳ) ਜਿਉਮੈਟਰੀਕਲ ਡਰਾਇੰਗ (ਜ਼ਰੂਰੀ)

1 ਬਹੁ-ਭੁਜਾਵਾਂ ਅਤੇ ਉਨ੍ਹਾਂ ਦੀਆਂ ਕਿਸਮਾਂ ਤੇ ਅਧਾਰਿਤ ਪ੍ਰਸ਼ਨ।
ਇਹਨਾਂ ਵਿੱਚੋਂ ਦੋ ਪ੍ਰਸ਼ਨ ਪਾਏ ਜਾਣਗੇ। ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਕਰਨਾ ਹੋਵੇਗਾ। ਅੰਕ:10

2 ਛੋਹਤ ਰੇਖਾਵਾਂ ਤੇ ਅਧਾਰਿਤ ਪ੍ਰਸ਼ਨ।
ਇਹਨਾਂ ਵਿੱਚੋਂ ਦੋ ਪ੍ਰਸ਼ਨ ਪਾਏ ਜਾਣਗੇ। ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਕਰਨਾ ਹੋਵੇਗਾ। ਅੰਕ:10

3 ਚੱਕਰਾਂ ਤੇ ਅਧਾਰਿਤ ਪ੍ਰਸ਼ਨ।
ਇਹਨਾਂ ਵਿੱਚੋਂ ਦੋ ਪ੍ਰਸ਼ਨ ਪਾਏ ਜਾਣਗੇ। ਜਿਨ੍ਹਾਂ ਵਿੱਚੋਂ ਇੱਕ ਪ੍ਰਸ਼ਨ ਕਰਨਾ ਹੋਵੇਗਾ। ਅੰਕ:10

## ਭਾਗ-2 ਮਾਡਲ ਡਰਾਇੰਗ

(ਅ) ਮਾਡਲ ਡਰਾਇੰਗ (Model Drawing) ਵਸਤੂ ਚਿਤੱਰਣ (Still Life) (ਜ਼ਰੂਰੀ) ਅੰਕ:30

ਦੋ ਵਸਤੂਆਂ ਨੂੰ ਇਕੱਠਾ ਰੱਖਕੇ ਚਿਤਰਣ ਕਰਨਾ। ਉਹਨਾਂ ਵਿੱਚੋਂ ਇੱਕ ਗੋਲਾਕਾਰ ਹੋਵੇ ਤੇ ਦੂਜਾ ਆਇਤਾਕਾਰ ਜਾਂ ਵਰਗਾਕਾਰ। ਇਹਨਾਂ ਵਸਤੂਆਂ ਦੇ ਚਿੱਤਰਾਂ ਦੀ ਪੂਰਤੀ ਦਾ ਕੰਮ ਪੈਨਸਿਲ ਜਾਂ ਰੰਗਾਂ ਦੁਆਰਾ ਪ੍ਰਕਾਸ਼ ਤੇ ਛਾਂ ਸਿਧਾਂਤ ਨੂੰ ਮੁੱਖ ਰੱਖਦਿਆਂ ਕੀਤਾ ਜਾਵੇ।

## ਭਾਗ-3 (ਚਿੱਤਰਕਲਾ)

(ੲ) ਕਲਪਨਾਮਈ ਚਿੱਤਰਕਲਾ (Imaginative Drawing) ਅੰਕ:20

1. (i) ਫਰੀਹੈਂਡ ਸਕੈਚਿੰਗ (Freehand Sketching) ਚਾਰਕੋਲ, ਪੈਨਸਲ, ਕਰੇਓਨ ਪੇਸਟਲ(Crayon Pastes),ਬਰੁਸ਼ ਅਤੇ ਰੰਗਾਂ ਦੁਆਰਾ ਆਕਾਰਾਂ ਦੇ ਕਲਪਨਾਮਈ ਸਕੈਚ ਤਿਆਰ ਕਰਨੇ।

   (ii) ਬੱਚੇ ਦਾ ਸੁਤੰਤਰ ਸਵੈ-ਪ੍ਰਗਟਾਵਾ(Freehand self expression):- ਸੁਤੰਤਰ ਪ੍ਰਗਟਾਅ ਦੁਆਰਾ ਜੀਵਨ ਦੀਆਂ ਘਟਨਾਵਾਂ ਅਤੇ ਜਾਣੇ-ਪਛਾਣੇ ਦ੍ਰਿਸ਼ਾਂ ਦੀ ਚਿੱਤਰਕਾਰੀ ਜਿਵੇ : (1) ਪੂਜਾ ਕਰਦੀ ਇਸਤਰੀ (2) ਸਪੇਰਾ (3) ਭੰਗੜਾ ਪਾਉਂਦਾ ਮੁੰਡਾ (4) ਕਿਸਾਨ

(iii) ਧਰਤੀ ਦ੍ਰਿਸ਼ ਚਿਤਰਨ (Landscape Painting) ਜਿਵੇਂ :- ਨਦੀ, ਪਹਾੜ, ਦਰੱਖਤ,ਰਸਤਾ, ਘਰ, ਖੇਤ, ਝੌਂਪੜੀ, ਪੰਛੀ ਅਤੇ ਮਨੁੱਖ ਦਰਸਾਉਂਦੇ ਧਰਤੀ ਦ੍ਰਿਸ਼।

2. ਆਕਾਰੀ ਰੇਖਾ ਚਿੱਤਰ (Figure Drawing) ਅੰਕ:20

(i) ਤੀਲੀ ਰੇਖਾਵਾਂ ਦੁਆਰਾ ਡਰਾਇੰਗ (Stick figure drawing)

(ii) ਕਾਰਟੂਨ ਡਰਾਇੰਗ (Cartoon Drawing) ਹਾਸਰਸ/ਵਿਅੰਗ ਤੇ ਅਧਾਰਿਤ ਮਨੁੱਖੀ, ਜਾਨਵਰ ਅਤੇ ਪੰਛੀਆਂ ਦੇ ਕਾਰਟੂਨ ਚਿੱਤਰ ਤਿਆਰ ਕਰਨੇ।

(iii) ਪੰਛੀ ਅਤੇ ਪਸ਼ੂਆਂ ਦੇ ਆਕਾਰੀ ਰੇਖਾ ਚਿੱਤਰ ਜਿਵੇਂ ਕੁੱਕੜ, ਮੋਰ, ਹਿਰਨ ਅਤੇ ਖਰਗੋਸ਼ ਦੇ ਚਿੱਤਰ ਬਣਾਉਣੇ ਸਿਖਾਏ ਜਾਣ।

3. ਅੱਖਰ ਲਿਖਣ ਕਲਾ ਅਤੇ ਪੋਸਟਰ ਡਿਜ਼ਾਈਨਿੰਗ (Lettering &Poster Designing) ਅੰਕ:20

(i) ਕਿਸੇ ਨਿਸ਼ਚਿਤ ਉਚਾਈ ਦੇ ਮੋਟੇ ਅਤੇ ਸਪੱਸ਼ਟ ਅੱਖਰਾਂ ਦੁਆਰਾ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਆਦਰਸ਼ਕ ਸੰਦੇਸ਼ ਲਿਖਣੇ।

ਨੋਟ: ਉਰਦੂ ਮਾਧਿਅਮ ਵਾਲੇ ਵਿਦਿਆਰਥੀ ਉਰਦੂ ਵਿੱਚ ਅੱਖਰ ਲਿਖ ਸਕਦੇ ਹਨ।

(ii) ਪੋਸਟਰ ਡਿਜ਼ਾਈਨਿੰਗ/ ਸੰਦੇਸ਼ ਚਿੱਤਰ: ਸਕੂਲ ਨਾਲ ਸਬੰਧਤ ਕਿਰਿਆਵਾਂ ਦੇ ਪੋਸਟਰ ਤਿਆਰ ਕਰਨੇ ਜਿਵੇਂ ਫੁੱਲ ਉਗਾਉ,ਸਾਇੰਸ ਮੇਲਾ, ਸਾਲਾਨਾ ਖੇਡਾਂ,ਖੂਨ ਦਾਨ ਕਰੋ, ਅਧਿਕ ਦੁੱਧ ਪੀਓ ਆਦਿ।

4. ਡਿਜ਼ਾਇਨ (Design) ਅੰਕ:20

(i) ਕੁਦਰਤੀ ਅਤੇ ਜਿਉਮੈਟਰੀਕਲ ਆਕਾਰਾਂ ਤੋਂ ਡਿਜ਼ਾਇਨ ਤਿਆਰ ਕਰਨੇ। ਡਿਜ਼ਾਇਨ ਬਣਾਉਣ ਲਈ ਵਰਗਾਕਾਰ (15x15) ਜਾਂ ਆਇਤਾਕਾਰ (12x15) ਆਕਾਰ ਦੇ ਤਲ ਦਿੱਤੇ ਜਾਣ। ਜਿਉਮੈਟਰੀ ਸ਼ਕਲ ਬਣਾ ਕੇ ਨਾਲ-ਨਾਲ ਸਾਧਾਰਨ ਫੁੱਲ ਪੱਤੀਆਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਇਹਨਾਂ ਵਿੱਚ ਰੰਗ ਭਰੇ ਜਾਣ।

(ii) ਕੋਲਾਜ (Collage) ਦੀ ਰਚਨਾ ਕਾਗਜ਼ ਨੂੰ ਕੱਟ ਕੇ, ਜੋੜ ਕੇ, ਤਰਤੀਬ ਦੇ ਕੇ ਰੰਗਦਾਰ ਕਾਗਜ਼ਾਂ ਨਾਲ ਚਿੱਤਰ ਤਿਆਰ ਕਰਨੇ ਜਿਵੇ: ਧਰਤੀ ਦ੍ਰਿਸ਼ ਤੇ ਪੰਛੀ ਆਦਿ।

(iii) ਸਟੈਂਸਲਿੰਗ (Stencilling): ਅੱਖਰਾਂ, ਫੁੱਲਾਂ, ਪੱਤੀਆਂ ਦੇ ਸਟੈਂਸਲ ਕੱਟਣੇ।